Punjabi | ਪੰਜਾਬੀ

# ਡਾਇਬੀਟੀਜ਼ ਕਨੈਕਟ (Diabetes CONNECT)

## ਡਾਇਬੀਟੀਜ਼ ਕਨੈਕਟ ਕੀ ਹੈ?

ਡਾਇਬੀਟੀਜ਼ ਕਨੈਕਟ ਇੱਕ ਨਵਾਂ ਪ੍ਰੋਗਰਾਮ ਹੈ ਜੋ ਟਾਈਪ 2 ਸ਼ੂਗਰ ਰੋਗ ਵਾਲੇ ਲੋਕਾਂ ਦੀ ਸਿਹਤ ਅਤੇ ਭਲਾਈ ਦਾ ਪ੍ਰਬੰਧਨ ਕਰਨ ਲਈ ਸਹਾਇਤਾ ਕਰਦਾ ਹੈ। ਇਹ ਵਿਕਟੋਰੀਆ ਵਿੱਚ ਮੈਟਰੋਪੋਲੀਟਨ ਅਤੇ ਖੇਤਰੀ ਇਲਾਕਿਆਂ ਵਿੱਚ ਚੋਣਵੀਆਂ ਭਾਈਚਾਰਕ ਸਿਹਤ ਸੇਵਾਵਾਂ ਦੁਆਰਾ ਪ੍ਰਦਾਨ ਕੀਤਾ ਜਾ ਰਿਹਾ ਹੈ।

## ਮੈਨੂੰ ਇਸ ਪ੍ਰੋਗਰਾਮ ਤੋਂ ਕੀ ਮਿਲੇਗਾ?

- ਤੁਸੀਂ ਇਹ ਨਿਰਧਾਰਤ ਕਰਨ ਲਈ ਦੇਖਭਾਲ ਕੋਆਰਡੀਨੇਟਰ ਨਾਲ ਕੰਮ ਕਰੋਗੇ ਕਿ ਤੁਹਾਡੀ ਸਿਹਤ ਅਤੇ ਭਲਾਈ ਦਾ ਪ੍ਰਬੰਧਨ ਕਰਨ ਲਈ ਤੁਹਾਨੂੰ ਕਿਹੜੀਆਂ ਸਹਾਇਤਾ ਅਤੇ ਸੇਵਾਵਾਂ ਦੀ ਲੋੜ ਹੈ।
- ਉਹ ਕੁੱਝ ਕੁ ਸੇਵਾਵਾਂ ਜੋ ਤੁਸੀਂ ਪ੍ਰਾਪਤ ਕਰ ਸਕਦੇ ਹੋ:

### ਸਹਾਇਕ ਸਿਹਤ ਜਿਵੇਂ ਕਿ:

- ਸ਼ੂਗਰ ਰੋਗ ਦੀ ਸਿੱਖਿਆ
- ਪੋਡਿਆਟਰੀ
- ਆਹਾਰ ਵਿਗਿਆਨ
- ਫਿਜ਼ੀਓਥੈਰੇਪੀ

### ਕਮਿਊਨਿਟੀ ਸੇਵਾਵਾਂ ਜਿਵੇਂ ਕਿ:

- ਭਲਾਈ, ਕਾਨੂੰਨੀ ਅਤੇ ਰਿਹਾਇਸ਼ੀ ਸਹਾਇਤਾ
- ਭੋਜਨ ਰਾਹਤ
- ਸਮਾਜਿਕ ਦੇਖਭਾਲ ਸੇਵਾਵਾਂ, ਜਿਸ ਵਿੱਚ ਮਾਨਸਿਕ ਸਿਹਤ, ਨਸ਼ਾਖੋਰੀ ਅਤੇ ਅਪੰਗਤਾ ਸਹਾਇਤਾ ਸ਼ਾਮਿਲ ਹੈ
- ਸਮਾਜਿਕ ਸਹਾਇਤਾ ਜੋ ਭਾਈਚਾਰਕ ਸੰਬੰਧ ਬਣਾਉਂਦੀਆਂ ਹਨ

- ਇਹ ਦੇਖਭਾਲ ਕੋਆਰਡੀਨੇਟਰ ਤੁਹਾਨੂੰ ਮੁਲਾਕਾਤਾਂ ਦਾ ਪ੍ਰਬੰਧ ਕਰਨ ਵਿੱਚ ਮੱਦਦ ਕਰੇਗਾ ਅਤੇ ਇਸ ਪ੍ਰੋਗਰਾਮ ਤੋਂ ਬਾਅਦ ਤੁਹਾਡੀ ਸਿਹਤ ਅਤੇ ਭਲਾਈ ਦਾ ਪ੍ਰਬੰਧਨ ਕਰਨ ਲਈ ਤੁਹਾਡੇ ਗਿਆਨ ਅਤੇ ਹੁਨਰ ਨੂੰ ਵਧਾਉਣ ਵਿੱਚ ਤੁਹਾਡੀ ਮੱਦਦ ਕਰੇਗਾ।
- ਇਹ ਦੇਖਭਾਲ ਕੋਆਰਡੀਨੇਟਰ ਤੁਹਾਡੇ ਜਨਰਲ ਪ੍ਰੈਕਟੀਸ਼ਨਰ ਨਾਲ ਮਿਲ ਕੇ ਕੰਮ ਕਰੇਗਾ ਜਿਸ ਨੂੰ ਤੁਸੀਂ ਕਲੀਨਿਕਲ ਦੇਖਭਾਲ ਲਈ ਮਿਲਣਾ ਜਾਰੀ ਰੱਖੋਗੇ।
- ਸੇਵਾਵਾਂ ਨਿੱਜੀ ਰੂਪ ਵਿੱਚ ਆਹਮੋ-ਸਾਹਮਣੇ ਜਾਂ ਟੈਲੀਹੈਲਥ ਰਾਹੀਂ ਦੂਰ-ਦੁਰਾਡੇ ਤੋਂ ਉਪਲਬਧ ਹਨ।

Australian Government
VICTORIA State Government | Department of Health

## ਖ਼ਰਚਾ ਅਤੇ ਸਮਾਂ

ਡਾਇਬੀਟੀਜ਼ ਕਨੈਕਟ ਇੱਕ **ਮੁਫ਼ਤ** ਪ੍ਰੋਗਰਾਮ ਹੈ, ਜਿਸ ਵਿੱਚ ਭਾਗੀਦਾਰਾਂ ਲਈ ਕੋਈ ਖ਼ਰਚਾ ਨਹੀਂ ਹੈ।*

ਇਹ ਪ੍ਰੋਗਰਾਮ ਜੂਨ 2025 ਤੱਕ ਚੱਲੇਗਾ, ਹਾਲਾਂਕਿ ਤੁਹਾਡੇ ਦੁਆਰਾ ਇਸ ਪ੍ਰੋਗਰਾਮ ਵਿੱਚ ਰਹਿਣ ਦਾ ਸਮਾਂ ਤੁਹਾਡੇ ਵਿਅਕਤੀਗਤ ਹਾਲਾਤਾਂ 'ਤੇ ਨਿਰਭਰ ਕਰੇਗਾ।

* ਡਾਇਬੀਟੀਜ਼ ਕਨੈਕਟ ਨੂੰ ਪ੍ਰਾਇਮਰੀ ਕੇਅਰ ਪਾਇਲਟ ਪਹਿਲ ਦੇ ਹਿੱਸੇ ਵਜੋਂ ਕਾਮਨਵੈਲਥ ਸਰਕਾਰ ਦੁਆਰਾ ਫ਼ੰਡ ਦਿੱਤਾ ਜਾ ਰਿਹਾ ਹੈ।

ਇਸ ਅਜ਼ਮਾਇਸ਼ ਪ੍ਰੋਗਰਾਮ ਵਿੱਚ ਤੁਹਾਡੀ ਭਾਗੀਦਾਰੀ ਬਾਰੇ ਗ਼ੈਰ-ਸਨਾਖ਼ਤਯੋਗ ਜਾਣਕਾਰੀ ਨਿਗਰਾਨੀ ਅਤੇ ਰਿਪੋਰਟਿੰਗ ਦੇ ਉਦੇਸ਼ਾਂ ਲਈ ਵਿਕਟੋਰੀਆ ਦੇ ਸਿਹਤ ਵਿਭਾਗ ਅਤੇ ਕਾਮਨਵੈਲਥ ਸਰਕਾਰ ਨਾਲ ਸਾਂਝੀ ਕੀਤੀ ਜਾਵੇਗੀ।

ਇਸ ਦਸਤਾਵੇਜ਼ ਨੂੰ ਕਿਸੇ ਹੋਰ ਸਰੂਪ ਵਿੱਚ ਪ੍ਰਾਪਤ ਕਰਨ ਲਈ 'ਡਾਇਬੀਟੀਜ਼ ਕਨੈਕਟ ਪ੍ਰੋਜੈਕਟ' ਟੀਮ ਨੂੰ <partnerships.primary@health.vic.gov.au> 'ਤੇ ਮੇਲ ਕਰੋ।

Authorised and published by the Victorian Government, 1 Treasury Place, Melbourne.
© State of Victoria, Australia, Department of Health, March 2024.
ISBN/ISSN 978-1-76131-554-1 (online/PDF/Word) or (print)
ਸਿਹਤ ਏਕੀਕ੍ਰਿਤ ਦੇਖਭਾਲ ਵਿਭਾਗ <https://www.health.vic.gov.au/primary-and-community-health/integrated-care> 'ਤੇ ਉਪਲਬਧ ਹੈ।

Australian Government

Department of Health